ਦਫਤਰ ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ।
(ਅਮਲਾ-2 ਸ਼ਾਖਾ)

ਨੋਟਿਸ ਬੋਰਡ ਰਾਂਹੀ

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
1) ਜ਼ਿਲਾ ਸਿਖਿਆ ਅਫਸਰ (ਸੈ:ਸਿ:),
2) ਸਮੂਹ ਪ੍ਰਿੰਸੀਪਲ / ਸਕੂਲ ਮੁੱਖੀ , ਪੰਜਾਬ।

ਮੀਮੋ ਨੰ: 5/9-18 ਅਮਲਾ-2(5)/2018 57608
ਮਿਤੀ, ਐਸ.ਏ.ਐਸ.ਨਗਰ: 30-10-2018

ਵਿਸ਼ਾ: 6060 ਦੀ (ਪੀ.ਟੈਟ-2 ਨਾਲ ਸਬੰਧਤ ) ਅਸਾਮੀਆਂ ਅਤੇ ਨਾਨ ਟੈਟ ਦੀਆਂ ਅਸਾਮੀਆਂ ਅਧੀਨ ਨਿਯੁਕਤ ਹੋਏ ਅਧਿਆਪਕਾਂ ਦੇ ਪਰਖ ਕਾਲ ਦੇ ਸਮੇਂ ਬਾਰੇ ਅਗਵਾਈ ਅਤੇ ਪਰਖ ਸਮਾਂ / ਕੰਨਫਰਮੇਸ਼ਨ ਕਰਨ ਸਬੰਧੀ ਸਪਸ਼ਟੀਕਰਣ।

ਉਪਰੋਕਤ ਵਿਸ਼ੇ ਸਬੰਧੀ 6060 ਅਸਾਮੀਆਂ ਅਤੇ ਨਾਨ ਟੈਟ ਦੀਆਂ ਅਸਾਮੀਆਂ ਅਧੀਨ ਨਿਯੁਕਤ ਹੋਏ ਅਧਿਆਪਕਾਂ ਦੇ ਪਰਖ ਕਾਲ ਸਮਾਂ 2 ਸਾਲ ਜਾਂ 3 ਸਾਲ ਦਾ ਹੋਣ ਸਬੰਧੀ ਸਪਸ਼ਟੀਕਰਣ/ ਅਗਵਾਈ ਮੰਗੀ ਜਾ ਰਹੀ ਹੈ, ਸਪਸ਼ਟ ਕੀਤਾ ਜਾਂਦਾ ਹੈ ਕਿ :-

6060 ਅਧਿਆਪਕਾਂ ਅਤੇ ਨਾਨ ਟੈਟ ਦੀਆਂ ਅਸਾਮੀਆਂ ਦੀ ਨਿਯੁਕਤੀ ਸਬੰਧੀ, ਸਿਖਿਆ ਵਿਭਾਗ, ਪੰਜਾਬ ਵਲੋਂ ਦਫਤਰ ਡਾਇਰੈਕਟਰ, ਸਿਖਿਆ ਭਰਤੀ ਡਾਇਰੈਕਟੋਰੇਟ, ਪੰਜਾਬ , ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਫੇਜ਼ 3ਬੀ1, ਐਸ.ਏ.ਐਸ.ਨਗਰ ਰਾਂਹੀ ਵੱਖ-ਵੱਖ ਵਿਸ਼ਿਆਂ ਦੀਆਂ ਅਸਾਮੀਆਂ ਭਰਨ ਲਈ , ਮਿਤੀ 20-11-2015, 23-11-2015 ਅਤੇ 17-12-2015 ਨੂੰ ਵਿਗਿਆਪਨ, ਵਿਭਾਗ ਦੀਆਂ ਵੈਬਸਾਈਟਸ ਤੇ ਅਪਲੋਡ ਕੀਤੇ ਗਏ ਸਨ। ਇਨ੍ਹਾਂ ਨਿਯੁਕਤੀਆਂ ਸਬੰਧੀ ਪਹਿਲੀ ਵਾਰ ਹੁਕਮ 3-11-2016 ਅਤੇ 27-9-2016 ਨੂੰ ਜਾਰੀ ਕੀਤੇ ਗਏ ਸਨ। ਉਕਤ ਅਸਾਮੀਆਂ ਤਹਿਤ ਯੋਗ ਉਮੀਦਵਾਰਾਂ ਨੂੰ ਜਾਰੀ ਕੀਤੇ ਨਿਯੁਕਤੀ ਪੱਤਰਾਂ ਵਿਚ ਸਰਕਾਰ ਦੀਆਂ ਹਦਾਇਤਾਂ ਮਿਤੀ 7-9-2016 (ਕਾਪੀ ਨੱਥੀ ਹੈ) ਰਾਂਹੀ ਕੀਤੇ ਉਪਬੰਧਾਂ ਅਨੁਸਾਰ ਇਨ੍ਹਾਂ ਉਮੀਦਵਾਰਾਂ ਨੂੰ 3 ਸਾਲ ਦੇ ਪਰਖ ਕਾਲ ਦੇ ਸਮੇਂ ਤੇ ਨਿਯੁਕਤ ਕੀਤਾ ਗਿਆ ਸੀ।

ਇਸ ਤਰ੍ਹਾਂ ਉਪਰੋਕਤ ਤੋਂ ਸਪਸ਼ਟ ਹੈ ਕਿ 6060 ਅਸਾਮੀਆਂ ਅਧੀਨ ਇਸ਼ਤਿਹਾਰ ਮਿਤੀ 5-9-2016 ਤੋਂ ਪਹਿਲਾਂ ਜਾਰੀ ਹੋ ਚੁੱਕੇ ਸਨ। ਅਜਿਹੇ ਨਿਯੁਕਤ ਅਧਿਆਪਕਾਂ ਦਾ ਪਰਖ ਕਾਲ ਸਮਾਂ 3 ਸਾਲ ਦੀ ਬਜਾਏ 2 ਸਾਲ ਸਮਝਣ ਹਿੱਤ ਸਰਕਾਰ (ਸਿਖਿਆ -6 ਸ਼ਾਖਾ ) ਵਲੋਂ ਪੱਤਰ ਨੰ: HO/SSE/MIS/20179667 ਮਿਤੀ 9-9-2017 (ਕਾਪੀ ਨੱਥੀ ਹੈ) ਰਾਂਹੀ ਸਪਸ਼ਟੀਕਰਣ ਜਾਰੀ ਕੀਤਾ ਗਿਆ ਸੀ।

ਦਫਤਰ ਵਲੋਂ ਪੱਤਰ ਨੰ: 9/193-2016 ਅਮਲਾ-3 (3) ਮਿਤੀ 19-9-16 (ਕਾਪੀ ਨੱਥੀ ਹੈ) ਰਾਂਹੀ ਨਵ- ਨਿਯੁਕਤ ਅਧਿਆਪਕਾਂ / ਕਰਮਚਾਰੀਆਂ ਦੀ ਮੁੱਢਲੀ ਤਨਖਾਹ ਨਿਸ਼ਚਿਤ ਕਰਨ ਅਤੇ ਪਰਖ ਕਾਲ ਦੇ ਸਮੇਂ ਬਾਰੇ ਵੀ ਸਪਸ਼ਟੀਕਰਣ ਦਿੱਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਪ੍ਰਸੋਨਲ ਵਿਭਾਗ, ਪੰਜਾਬ ਵਲੋਂ ਜਾਰੀ ਹਦਾਇਤਾਂ ਨੰ: 1/04/2018-1ਪੀ.ਪੀ.1/63 ਮਿਤੀ 20-6-18 (ਕਾਪੀ ਨੱਥੀ ਹੈ) ਰਾਂਹੀ ਪ੍ਰੋਬੇਸ਼ਨ ਪੀਰੀਅਡ ਵਿਚ ਲਈ ਗਈ ਛੁੱਟੀ ਅਤੇ ਕੰਨਫਰਮੇਸ਼ਨ ਦਾ ਸਮਾਂ extend ਕਰਨ ਸਬੰਧੀ ਉਦਾਹਰਣ ਸਹਿਤ ਸਪਸ਼ਟੀਕਰਣ ਜਾਰੀ ਕੀਤਾ ਹੋਇਆ ਹੈ।

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਨ੍ਹਾਂ ਅਸਾਮੀਆਂ ਤੇ ਨਿਯੁਕਤ ਕਰਮਚਾਰੀਆਂ ਦਾ ਪਰਖ ਕਾਲ ਸਮਾਂ ਪੂਰਾ ਹੋਣ ਵਾਲਾ ਹੈ ਜਾਂ ਹੋ ਚੁੱਕਾ ਹੈ। ਪਰਖ ਸਮਾਂ / ਕੰਨਫਰਮੇਸ਼ਨ ਕਰਨ ਸਬੰਧੀ ਸਰਕਾਰ (ਸਿਖਿਆ -6 ਸ਼ਾਖਾ ) ਵਲੋਂ ਵੀ ਪੱਤਰ ਨੰ: 11/62/17-5ਸਿ6/1055625/1 ਮਿਤੀ 4-9-2017 (ਕਾਪੀ ਨੱਥੀ ਹੈ) ਰਾਂਹੀ ਪਾਵਰਜ਼ ਸਕੂਲ ਮੁੱਖੀ / ਡੀ.ਡੀ.ਓ. ਨੂੰ ਪਹਿਲਾਂ ਹੀ ਡੈਲੀਗੇਟ ਕੀਤੀਆਂ ਹੋਈਆਂ ਹਨ। 6060 ਅਸਾਮੀਆਂ ਅਧੀਨ ਨਿਯੁਕਤ ਹੋਏ ਅਧਿਆਪਕਾਂ ਦੇ ਪਰਖ ਕਾਲ ਸਮੇਂ ਅਤੇ ਪਰਖ ਸਮਾਂ / ਕੰਨਫਰਮੇਸ਼ਨ ਸਬੰਧੀ ਉਕਤ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਪਰਖ ਕਾਲ ਸਮਾਂ / ਕੰਨਫਰਮੇਸ਼ਨ ਦੇ ਜਾਰੀ ਕੀਤੇ ਜਾ ਰਹੇ ਹੁਕਮਾਂ ਵਿਚ ਅਧਿਆਪਕ ਦੇ ਨਾਂ , ਪਿਤਾ ਦਾ ਨਾਂ, ਵਿਸ਼ਾ, ਰਜਿਸਟਰੇਸ਼ਨ ਨੰ: , ਨਿਯੁਕਤੀ ਹੁਕਮਾਂ ਦਾ ਨੰਬਰ /ਮਿਤੀ, ਨਿਯੁਕਤੀ ਸਮੇਂ ਹਾਜ਼ਰ ਹੋਣ ਦੀ ਮਿਤੀ , ਮੌਜੂਦਾ ਸਕੂਲ ਵਿਚ ਹਾਜ਼ਰ ਹੋਣ ਦੀ ਮਿਤੀ ਵੀ ਦਰਜ਼ ਕੀਤੀ ਜਾਵੇ।

ਡਾਇਰੈਕਟਰ ਸਿਖਿਆ ਵਿਭਾਗ (ਸੈ:ਸਿ:) ਪੰਜਾਬ,
ਐਸ.ਏ.ਐਸ.ਨਗਰ।

ਨੰ: 1/6/2016-4ਪੀ.ਪੀ.1/834680/1

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲ੍ਹਾ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟਰੇਟ (ਸਿਵਲ)।

ਮਿਤੀ, ਚੰਡੀਗੜ੍ਹ: **07 ਸਤੰਬਰ,2016**

ਵਿਸ਼ਾ :- ਰਾਜ ਸੇਵਾਵਾਂ ਵਿੱਚ ਭਰਤੀ ਉਪਰੰਤ ਪਰਖਕਾਲ ਦਾ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਕਰਨ ਸਬੰਧੀ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ, 1994 ਦੇ ਰੂਲ 7 (1) ਵਿੱਚ ਸੋਧ ਕਰਨ ਬਾਰੇ।

*****

ਸ੍ਰੀਮਾਨ ਜੀ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਪੰਜਾਬ ਸਰਕਾਰ ਦੇ ਗਜ਼ਟ ਵਿੱਚ ਛਪੀ ਅਧਿਸੂਚਨਾ ਨੰ: G.S.R.56/Const./Art.309/Amd.(18)/2016, ਮਿਤੀ 05 ਸਤੰਬਰ, 2016, ਦੀ ਕਾਪੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜੀ ਜਾਂਦੀ ਹੈ ਅਤੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਅਧਿਸੂਚਨਾ ਨੂੰ ਆਪਣੇ ਵਿਭਾਗ ਦੇ ਮੌਜੂਦਾ ਨੋਟੀਫਾਈਡ ਸੇਵਾ ਨਿਯਮਾਂ ਦੇ ਅਪੈਂਡਿਕਸ-ਸੀ [ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ, 1994] ਵਿੱਚ ਸ਼ਾਮਿਲ ਕਰਦੇ ਹੋਏ ਪੜ੍ਹਿਆ ਜਾਵੇ।

2. ਇਹ ਆਪਣੇ ਅਧੀਨ ਦਫ਼ਤਰਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕੀਤੀ ਜਾਵੇ।

3. ਇਸ ਦੀ ਪੰਹੁਚ ਰਸੀਦ ਭੇਜੀ ਜਾਵੇ।

ਵਿਸ਼ਵਾਸ਼ਪਾਤਰ

ਉਪ ਸਕੱਤਰ, ਪ੍ਰਸੋਨਲ

ਇਸ ਦਾ ਇਕ ਉਤਾਰਾ (ਸਮੇਤ ਨੋਟੀਫਿਕੇਸ਼ਨ ਮਿਤੀ 05 ਸਤੰਬਰ, 2016 ਦੀ ਕਾਪੀ) ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਉਪ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 1/06/2016-4ਪੀ.ਪੀ.1/834680/2

ਮਿਤੀ, ਚੰਡੀਗੜ੍ਹ: **07 ਸਤੰਬਰ,2016**

## PART III

## GOVERNMENT OF PUNJAB

### DEPARTMENT OF PERSONNEL

(Personnel Policies-I Branch)

### NOTIFICATION

The 5th September, 2016

**No.G.S.R.56/Const./Art.309/Amd.(18)/2016.**— In exercise of the powers conferred by the proviso to Article 309 of the Constitution of India and all other powers enabling him in this behalf, the Governor of Punjab is pleased to make the following rules further to amend the Punjab Civil Services (General and Common Conditions of Service) Rules, 1994, namely :--

### RULES

1. (1) These rules may be called the Punjab Civil Services (General and Common Conditions of Service) (Second Amendment) Rules, 2016.

   (2) They shall come into force on and with effect from the date of their publication in the Official Gazette.

2. In the Punjab Civil Services (General and Common Conditions of Service) Rules, 1994, in rule 7, in sub-rule (1), for the word *"two"*, the word *"three"* shall be substituted.

**SARVESH KAUSHAL,**
Chief Secretary to Government of Punjab.

*1089/09-2016/Pb. Govt. Press, S.A.S. Nagar*

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

(Through Website)

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।
2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਪੰਜਾਬ।
3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।

ਮੀਮੋ ਨੰ : HO/SSE/ms/2017966 7
ਮਿਤੀ, ਚੰਡੀਗੜ੍ਹ : 09-09-2017

**ਵਿਸ਼ਾ:- ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆ ਸ਼ਰਤਾਂ ਸੇਵਾਵਾਂ) ਨਿਯਮ,1994 ਰੂਲ 7 ਦੇ ਉਪ ਨਿਯਮ 1 ਵਿੱਚ ਨੋਟੀਫਿਕੇਸ਼ਨ ਮਿਤੀ 05/09/2016 ਰਾਂਹੀ ਸਿੱਧੀ ਭਰਤੀ ਦੇ ਪਰਖਕਾਲ ਦਾ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਸਬੰਧੀ ਸਪਸ਼ਟੀਕਰਨ।**

ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਦੇ ਪੱਤਰ ਨੰ.1/6/2016-4 ਪੀ.ਪੀ.1/834680/1 ਮਿਤੀ 07/09/2016 ਨਾਲ ਸਿੱਧੀ ਭਰਤੀ ਰਾਂਹੀ ਨਿਯੁਕਤ ਅਧਿਕਾਰੀਆਂ/ਕਰਮਚਾਰੀਆਂ ਦਾ ਪਰਖ ਕਾਲ ਸਮਾਂ 2 ਸਾਲ ਤੋਂ ਵਧਾ ਕੇ 3 ਸਾਲ ਕੀਤਾ ਗਿਆ ਸੀ।ਇਸ ਸਬੰਧੀ ਪ੍ਰੋਸਨਲ ਵਿਭਾਗ, ਪੰਜਾਬ ਸਰਕਾਰ ਨੇ ਆਪਣੇ ਪੱਤਰ ਨੰ. 1/1/2011 ਪੀ.ਪੀ./1054135/1 ਮਿਤੀ 31/08/2017 ਰਾਂਹੀ ਮੁੜ ਹਦਾਇਤਾਂ ਜਾਰੀ ਕੀਤੀਆ ਹਨ ਕਿ ਜਿਨ੍ਹਾਂ ਅਸਾਮੀਆ ਨੂੰ ਭਰਨ ਦੀ ਪ੍ਰਕਿਰਿਆ ਅਧਿਸੂਚਨਾ ਮਿਤੀ 05/09/2016 ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ ਜਿਵੇਂ ਕਿ ਭਰਤੀ ਲਈ ਨੋਟੀਫਿਕੇਸ਼ਨ ਜਾਰੀ ਕਰਨਾ, ਟੈਸਟ/ਇੰਟਰਵਿਊ ਹੋ ਚੁੱਕੀ ਹੋਵੇ ਪਰ ਹਾਜਰੀ ਰਿਪੋਰਟ ਬਾਅਦ ਵਿੱਚ ਦਿੱਤੀ ਹੋਵੇ ਤਾਂ ਉਨ੍ਹਾਂ ਅਸਾਮੀਆ 'ਤੇ ਨਿਯੁਕਤ ਕਰਮਚਾਰੀਆ ਦਾ ਪਰਖ ਕਾਲ ਸਮਾਂ 2 ਸਾਲ ਹੀ ਰਹੇਗਾ।ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਸਿੱਖਿਆ ਵਿਭਾਗ ਵਿੱਚ ਨਿਯੁਕਤ ਕੀਤੇ ਕਰਮਚਾਰੀਆ ਜਿਨ੍ਹਾਂ ਦੀ ਭਰਤੀ ਦੀ ਪ੍ਰਕਿਰਿਆ ਮਿਤੀ 05/09/2016 ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ,ਦਾ ਪਰਖ ਕਾਲ ਸਮਾਂ 2 ਸਾਲ ਹੀ ਸਮਝਿਆ ਜਾਵੇ।

ਸੱਕਤਰ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ. ਓਹੀ
ਮਿਤੀ:- 09-09-2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਮੋਹਾਲੀ, ਪੰਜਾਬ।
2. ~~ਦਫ਼ਤਰ~~ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਮੋਹਾਲੀ, ਪੰਜਾਬ।
3. ~~ਦਫ਼ਤਰ~~ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਮੋਹਾਲੀ, ਪੰਜਾਬ।
4. ਡਾਇਰੈਕਟਰ,ਐਸ.ਸੀ.ਈ.ਆਰ.ਟੀ., ਮੋਹਾਲੀ, ਪੰਜਾਬ।

ਸੱਕਤਰ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ ਐਸ . ਏ.ਐਸ. ਨਗਰ

ਅਮਲਾ-3 ਸ਼ਾਖਾ

ਵੱਲ

ਰਾਜ ਦੇ ਸਮੂਹ ਮੰਡਲ/ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)

ਪੰਜਾਬ

2147
89911

ਮੀਮੋ ਨੰ: 9/193-2016 ਅ3(3)

ਮਿਤੀ 19/7/2016

ਵਿਸ਼ਾ ਸਰਕਾਰੀ ਵਿਭਾਗਾਂ ਵਿੱਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਆਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਬਾਰੇ - ਨਵ-ਨਿਯੁਕਤ ਅਧਿਆਪਕਾਂ/ਕਰਮਚਾਰੀਆਂ ਦੀ ਮੁਢਲੀ ਤਨਖਾਹ ਨਿਸ਼ਚਿਤ ਕਰਨ ਬਾਰੇ ਸਪਸ਼ਟੀਕਰਣ।

ਪੰਜਾਬ ਸਰਕਾਰ ਵਿੱਤ ਵਿਭਾਗ (ਵਿੱਤ ਪ੍ਰਸੋਨਲ -1 ਸ਼ਾਖਾ) ਵੱਲੋਂ ਆਪਣੇ ਪੱਤਰ ਨੰ: 7/204/2012-4ਐਫ.ਪੀ.1/66 ਮਿਤੀ 15-01-2015 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਪੜ੍ਹੇ ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕਰਵਾਏ ਜਾਣ ਦੇ ਮੰਤਵ ਨਾਲ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਵੱਖ-ਵੱਖ ਕੈਟਾਗਰੀਜ਼ ਦੀਆਂ ਆਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਨਿਯੁਕਤੀ ਸਬੰਧੀ ਕੁੱਝ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਲਈ ਵਿੱਤ ਵਿਭਾਗ ਵੱਲੋਂ ਆਪਣੇ ਨੋਟੀਫਿਕੇਸ਼ਨ ਨੰ: 7/204/2012-4ਵਿ.ਪ੍ਰ.1/60 ਮਿਤੀ 15-1-2015 ਰਾਹੀਂ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਜਿਲਦ 1, ਭਾਗ-1 ਦੇ ਸਬੰਧਤ ਰੂਲਾਂ ਵਿੱਚ ਸੋਧ ਕੀਤੀ ਗਈ ਹੈ।

2 ਉਪਰੋਕਤ ਨੋਟੀਫਿਕੇਸ਼ਨ ਰਾਹੀਂ ਕੀਤੀਆਂ ਸੋਧਾਂ ਉਪਰੰਤ ਸਿੱਧੀ ਭਰਤੀ ਤੇ ਤਨਖਾਹ ਦੇਣ ਸਬੰਧੀ ਹੇਠਾਂ ਅਨੁਸਾਰ ਸਥਿਤੀ ਹੋਵੇਗੀ:-

i. ਸਿੱਧੀ ਭਰਤੀ ਉਪਰੰਤ 2 ਸਾਲ ਦੇ ਪਰਖ ਕਾਲ ਦੇ ਸਮੇਂ ਦੇ ਦੌਰਾਨ ਸਮੇਤ ਉਸ ਪਰਖ ਕਾਲ ਦੇ ਸਮੇਂ ਦੇ ਜੇਕਰ ਇਸ ਵਿੱਚ ਵਾਧਾ ਕੀਤਾ ਗਿਆ ਹੋਵੇ, ਕਰਮਚਾਰੀ ਨੂੰ ਬੱਧਵੀਂ ਤਨਖਾਹ (fixed emoluments) ਦਿੱਤੀ ਜਾਵੇਗੀ ਜੋ ਕਿ ਉਸ ਕਰਮਚਾਰੀ ਦੀ ਨਵੀਂ ਆਸਾਮੀ ਤੇ ਮਿਲਣ ਵਾਲੇ ਪੇ-ਬੈਂਡ ਦੇ ਘੱਟੋ-ਘੱਟ (Minimum of the Pay Band) ਦੇ ਬਰਾਬਰ ਹੋਵੇਗੀ ਅਤੇ ਪਰਖ ਕਾਲ ਸਮੇਂ ਦੌਰਾਨ ਉਸ ਨੂੰ ਕੋਈ ਸਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ , ਸਿਵਾਏ ਸਫਰੀ ਭੱਤੇ ਦੇ, ਮਿਲਣਯੋਗ ਨਹੀਂ ਹੋਣਗੇ।

ii. ਪਰਖ ਕਾਲ ਦਾ ਸਮਾਂ ਸਫਲਤਾਪੂਰਵਕ ਮੁਕੰਮਲ ਹੋਣ ਤੇ ਉਸ ਨੂੰ ਉਸ ਆਸਾਮੀ ਤੇ ਮਿਲਣਯੋਗ ਪੇ-ਬੈਂਡ ਘੱਟੋ-ਘੱਟ ਤਨਖਾਹ, ਸਮੇਤ ਗਰੇਡ-ਪੇ, ਤੋਂ ਸ਼ੁਰੂ ਕਰਦੇ ਹੋਏ ਪੂਰੇ ਭੱਤੇ ਮਿਲਣਯੋਗ ਹੋਣਗੇ

iii. ਪਰਖ ਕਾਲ ਦਾ ਸਮਾਂ, ਅਤੇ ਜੇਕਰ ਇਸ ਸਮੇਂ ਵਿੱਚ ਕੋਈ ਵਾਧਾ ਕੀਤਾ ਗਿਆ ਹੈ ਤਾਂ ਉਹ ਵੀ ਦਿੱਤੇ ਗਏ ਤਨਖਾਹ ਦੇ. ਟਾਇਮ ਸਕੇਲ ਵਿੱਚ ਕੰਮ ਕਰਨ ਦਾ ਸਮਾਂ ਨਹੀਂ ਗਿਣਿਆ ਜਾਵੇਗਾ।

iv. ਜੇਕਰ ਕਰਮਚਾਰੀ ਪਹਿਲਾਂ ਵੀ ਪੰਜਾਬ ਸਰਕਾਰ ਵਿੱਚ ਨੌਕਰੀ ਕਰ ਰਿਹਾ ਸੀ ਭਾਵ ਉਸਦਾਂ ਕਿਸੇ ਆਸਾਮੀ ਲੀਅਨ (Lien) ਹੈ ਤਾਂ ਉਸ ਨੂੰ ਨਵੀਂ ਆਸਾਮੀ ਦੇ ਪਰਖ ਕਾਲ ਸਮੇਂ ਦੌਰਾਨ ਉਸ ਪਹਿਲੀ ਆਸਾਮੀ, ਜਿਸ ਤੇ ਉਸ ਦਾ ਲੀਅਨ ਹੈ, ਵਾਲੀ ਤਨਖਾਹ ਮਿਲਣਯੋਗ ਹੋਵੇਗੀ।

Scanned by CamScanner

ਕਰਮਚਾਰੀ ਦੇ ਪਰਖ ਕਾਲ ਸਮੇਂ ਦੌਰਾਨ ਉਹ ਨਿਊਂ ਡੀਫਾਈਡ ਕੰਟਰੀਬਿਊਟਰੀ ਪੈਨਸ਼ਨ

v. ਕਰਮਚਾਰੀ ਦੇ ਪਰਖ ਕਾਲ ਸਮੇਂ ਦੌਰਾਨ ਉਹ ਨਿਊਂ ਡੀਫਾਈਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਹੋਵੇਗਾ ਅਤੇ ਇਸ ਸਬੰਧੀ ਸਰਕਾਰ ਵੱਲੋਂ ਬਣਦਾ ਮੈਚਿੰਗ ਸ਼ੇਅਰ ਵੀ ਦਿੱਤਾ ਜਾਵੇਗਾ।

ਪਿਛੋ ਜਿਹੇ ਸਿੱਖਿਆ ਵਿਭਾਗ ਵਿੱਚ ਵੱਖ ਵੱਖ ਕੈਟਾਗਰੀ ਦੀਆਂ ਆਸਾਮੀਆਂ ਸਿੱਧੀ ਭਰਤੀ ਰਾਹੀਂ ਭਰੀਆਂ ਗਈਆਂ ਹਨ ਅਤੇ ਕੁਝ ਅਜਿਹੇ ਉਮੀਦਵਾਰ ਵੀ ਨਿਯੁਕਤ ਕੀਤੇ ਗਏ ਹਨ ਜੋ ਪਹਿਲਾਂ ਪੰਜਾਬ ਸਰਕਾਰ ਜਾਂ ਇਸ ਵਿਭਾਗ ਵਿੱਚ ਹੇਠਲੀ ਆਸਾਮੀ ਤੇ ਕੰਮ ਕਰਦੇ ਸਨ। ਅਜਿਹੇ ਕਰਮਚਾਰੀਆਂ ਦੀ ਤਨਖਾਹ ਨਿਸ਼ਚਿਤ ਕਰਨ ਸਬੰਧੀ ਧਿਆਨ ਵਿੱਚ ਆਏ confusion ਨੂੰ ਦੂਰ ਕਰਨ ਦੇ ਮੰਤਵ ਲਈ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਅਜਿਹੇ ਉਮੀਦਵਾਰਾਂ ਦਾ ਹੇਠਲੀ ਆਸਾਮੀ ਤੇ ਲੀਅਨ ਹੋਵੇ ਤਾਂ ਅਜਿਹੇ ਨਵ-ਨਿਯੁਕਤ ਕਰਮਚਾਰੀਆਂ ਨੂੰ ਨੂੰ ਨਵੀਂ ਆਸਾਮੀ ਦੇ ਪਰਖ ਕਾਲ ਸਮੇਂ ਦੌਰਾਨ ਉਸ ਪਹਿਲੀ ਆਸਾਮੀ, ਜਿਸ ਤੇ ਉਸ ਦਾ ਲੀਅਨ ਹੈ, ਵਾਲੀ ਤਨਖਾਹ ਮਿਲਣਯੋਗ ਹੋਵੇਗੀ।

ਇਸ ਤੋਂ ਇਲਾਵਾ ਵਿੱਤ ਵਿਭਾਗ ਵੱਲੋਂ ਆਪਣੇ ਪੱਤਰ ਮਿਤੀ 15-10-2015 ਰਾਹੀਂ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ਜਿਹਨਾਂ ਆਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਉਕਤ ਹਦਾਇਤਾਂ ਜਾਰੀ ਹੋਣ ਤੋਂ ਪਹਿਲਾਂ ਸ਼ੁਰੂ ਹੋ ਚੁੱਕੀ ਸੀ, ਜਿਵੇਂ ਕਿ ਭਰਤੀ ਲਈ ਇਸ਼ਤਿਹਾਰ ਜਾਰੀ ਕਰ ਦਿੱਤਾ ਗਿਆ ਹੋਵੇ, ਟੈਸਟ ਜਾਂ ਇੰਟਰਵਿਊ ਹੋ ਚੁੱਕਾ ਹੋਵੇ ਭਾਵੇਂ ਕਿ ਉਹ ਪ੍ਰੀਕਿਰਿਆ ਉਕਤ ਹਦਾਇਤਾਂ ਦੇ ਜਾਰੀ ਹੋਣ ਤੋਂ ਬਾਅਦ ਵਿੱਚ ਮੁਕੰਮਲ ਕੀਤੀ ਗਈ ਹੋਵੇ ਜਾਂ ਹਾਜ਼ਰੀ ਰਿਪੋਰਟ ਬਾਅਦ ਵਿੱਚ ਦਿੱਤੀ ਗਈ ਹੋਵੇ ਤਾਂ ਉਨ੍ਹਾਂ ਆਸਾਮੀਆਂ ਤੇ ਨਿਯੁਕਤ ਅਧਿਕਾਰੀਆਂ/ਕਰਮਚਾਰੀਆਂ ਨੂੰ ਤਜਵੀਜ਼ਤ ਅਸਾਮੀਆਂ ਦੇ ਤਨਖਾਹ ਸਕੇਲ ਉਪਰੋਕਤ ਮਿਤੀ 15 ਜਨਵਰੀ, 2015 ਰਾਹੀਂ ਹਦਾਇਤਾਂ ਜਾਰੀ ਹੋਣ ਤੋਂ ਪਹਿਲਾਂ ਵਾਲੇ ਹੀ ਦਿੱਤੇ ਜਾਣਗੇ ਭਾਵ ਅਜਿਹੇ ਕੇਸਾਂ ਵਿੱਚ ਉਪਰੋਕਤ ਮਿਤੀ 15 ਜਨਵਰੀ, 2015 ਵਾਲੀਆਂ ਹਦਾਇਤਾਂ ਲਾਗੂ ਨਹੀਂ ਹੋਣਗੀਆਂ।

ਇਸ ਸਬੰਧੀ ਖੇਤਰੀ ਦਫਤਰਾਂ ਵਿੱਚ ਪਾਏ ਜਾ ਰਹੇ confusion ਨੂੰ ਦੂਰ ਕਰਨ ਦੇ ਮੰਤਵ ਲਈ ਉਪਰੋਕਤ ਸਪਸ਼ਟੀਕਰਣ ਆਪ ਜੀ ਦੀ ਜਾਣਕਾਰੀ ਲਈ ਦਿੱਤਾ ਜਾਂਦਾ ਹੈ।

ਡਿਪਟੀ ਡਾਇਰੈਕਟਰ ਸਕੂਲ ਪ੍ਰਬੰਧ -2

ਪਿੱਠ ਅੰਕਣ ਨੰ: ਉਕਤ ਮਿਤੀ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ ਸਿੱਖਿਆ ਵਿਭਾਗ (ਐਲੀ. ਸਿੱਖਿਆ) ਪੰਜਾਬ।
2) ਡੀ.ਪੀ.ਆਈ (ਸੈ:ਸਿ:) ਦੇ ਸਮੂਹ ਸਾਖਾ ਅਧਿਕਾਰੀ।

ਡਿਪਟੀ ਡਾਇਰੈਕਟਰ ਸਕੂਲ ਪ੍ਰਬੰਧ -2

Scanned by CamScanner

ਨੰ:1/04/2018-1ਪੀ.ਪੀ.1/63
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1ਸ਼ਾਖਾ)

ਸੇਵਾ ਵਿਖੇ

ਮਿਤੀ, ਚੰਡੀਗੜ੍ਹ: 20-6-2018

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸਨਜ਼ ਜੱਜ ਅਤੇ
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ, ਉਪ ਮੰਡਲ ਅਫਸਰ(ਸਿਵਲ)।

ਵਿਸ਼ਾ:- Punjab Civil Services (General and Common Conditions of Service) Rules, 1994 ਦੇ ਨਿਯਮ 7 Probation ਦੇ ਉਪ ਨਿਯਮ 1(d) ਸਬੰਧੀ ਸਪੱਸ਼ਟੀਕਰਨ।

ਸ੍ਰੀਮਾਨ/ ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ Punjab Civil Services (General and Common Conditions of Service) Rules, 1994 ਦੇ ਨਿਯਮ 7 Probation ਦੇ ਉਪ ਨਿਯਮ 1(d) ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਵਿੱਚ ਹੇਠ ਅਨੁਸਾਰ ਉਪਬੰਧ ਹੈ:-

"Any kind of leave not exceeding six months, during or at the end of period of probation, shall be counted towards the period of probation"

2. ਕੁਝ ਵਿਭਾਗਾ ਵੱਲੋਂ ਉਪਰੋਕਤ ਰੂਲ ਦੇ ਉਪਬੰਧ ਸਨਮੁੱਖ ਸਪੱਸ਼ਟੀਕਰਨ ਮੰਗਿਆ ਜਾ ਰਿਹਾ ਹੈ ਕਿ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵੱਲੋਂ ਪ੍ਰੋਬੇਸ਼ਨ ਪੀਰੀਅਡ ਵਿੱਚ 6 ਮਹੀਨੇ ਤੋਂ ਵੱਧ ਕਿਸੇ ਵੀ ਕਿਸਮ ਦੀ ਛੁੱਟੀ avail ਕੀਤੀ ਗਈ ਹੈ ਤਾ ਉਸਦਾ ਪ੍ਰੋਬੇਸ਼ਨ ਪੀਰੀਅਡ ਕੁਲ avail ਕੀਤੀ ਛੁੱਟੀ ਵਿਚੋਂ 6 ਮਹੀਨੇ ਦਾ ਸਮਾਂ ਘਟਾ ਕੇ ਪਾਰ ਕੀਤਾ ਜਾਣਾ ਹੈ ਜਾਂ 6 ਮਹੀਨੇ ਨੂੰ ਵਿੱਚ ਮੰਨ ਕੇ ਪਾਰ ਕੀਤਾ ਜਾਣਾ ਹੈ।

3. ਉਪਰੋਕਤ ਦੇ ਸਨਮੁੱਖ ਸਪੱਸ਼ਟ ਕੀਤਾ ਜਾਂਦਾ ਹੈ ਕਿ:-

"ਪ੍ਰੋਬੇਸ਼ਨ ਪੀਰੀਅਡ ਦੌਰਾਨ ਕਿਸੇ ਵੀ ਕਿਸਮ ਦੀ ਛੇ ਮਹੀਨੇ ਤੱਕ ਦੀ ਛੁੱਟੀ, ਜੋ ਕਿ qualifying service ਲਈ ਗਿਣੀ ਜਾਂਦੀ ਹੈ, ਉਹ ਛੁੱਟੀ ਪ੍ਰੋਬੇਸ਼ਨ ਪੀਰੀਅਡ ਲਈ ਗਿਣਨਯੋਗ ਹੋਵੇਗੀ। ਛੇ ਮਹੀਨੇ ਤੋਂ ਵੱਧ ਛੁੱਟੀ ਦੀ ਸੂਰਤ ਵਿੱਚ ਜਿੰਨੇ ਦਿਨ ਵੱਧ ਛੁੱਟੀ avail ਕੀਤੀ ਹੋਵੇ ਉਨੇ ਦਿਨ ਪ੍ਰੋਬੇਸ਼ਨ ਪੀਰੀਅਡ extend ਹੋ ਜਾਵੇਗਾ।"

<u>ਉਦਾਹਰਣ</u>:- ਜੇਕਰ ਕਰਮਚਾਰੀ ਦੀ joining ਮਿਤੀ 15.5.2013 ਦੀ ਹੈ ਅਤੇ ਪ੍ਰੋਬੇਸ਼ਨ ਪੀਰੀਅਡ 2 ਸਾਲ ਅਨੁਸਾਰ ਮਿਤੀ 14.05.2015 ਨੂੰ ਪੂਰਾ ਹੁੰਦਾ ਹੈ, ਕਰਮਚਾਰੀ ਵੱਲੋਂ ਪ੍ਰੋਬੇਸ਼ਨ ਪੀਰੀਅਡ ਦੌਰਾਨ 6 ਮਹੀਨੇ ਤੱਕ ਦੀ ਛੁੱਟੀ avail ਕੀਤੀ ਗਈ ਹੈ ਤਾਂ ਉਸਦਾ ਪ੍ਰੋਬੇਸ਼ਨ ਪੀਰੀਅਡ ਮਿਤੀ 14.05.2015 ਨੂੰ ਪੂਰਾ ਹੋਵੇਗਾ, ਪ੍ਰੰਤੂ ਜੇਕਰ ਕਰਮਚਾਰੀ ਵੱਲੋਂ ਛੁੱਟੀ 6 ਮਹੀਨੇ ਤੋਂ ਵੱਧ ਭਾਵ 7 ਮਹੀਨੇ ਦੀ ਛੁੱਟੀ avail ਕੀਤੀ ਗਈ ਹੈ ਤਾਂ ਉਸਦਾ ਪ੍ਰੋਬੇਸ਼ਨ ਪੀਰੀਅਡ 7 ਮਹੀਨੇ - 6 ਮਹੀਨੇ = 1 ਮਹੀਨਾ ਅੱਗੇ ਪਾ ਕੇ ਮਿਤੀ 14.06.2015 ਨੂੰ ਪੂਰਾ ਹੋਵੇਗਾ।

ਆਪ ਜੀ ਦਾ ਵਿਸ਼ਵਾਸਪਾਤਰ
Hlahat
ਉਪ ਸਕੱਤਰ, ਪ੍ਰਸੋਨਲ



ਚਲਦਾ ਪੰਨਾਂ...............

ਪਿਛਲੇ ਪੰਨੇ ਤੋ.......

ਪਿ.ਐ.ਨੰ.:1/04/2018-1ਪੀ.ਪੀ.1/64-65

ਮਿਤੀ, ਚੰਡੀਗੜ੍ਹ 20-6-2018

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
2) ਪ੍ਰਮੁੱਖ ਮਹਾਂਲੇਖਾਕਾਰ(ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਉਪ ਸਕੱਤਰ, ਪ੍ਰਸੋਨਲ

ਉਤਾਰਾ ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਪਿ.ਐ.ਨੰ.:1/04/2018-1ਪੀ.ਪੀ.1/66 ਮਿਤੀ, ਚੰਡੀਗੜ੍ਹ 20-6-2018

ਪਿ.ਐ.ਨੰ.:1/04/2018-1ਪੀ.ਪੀ.1/67-71 ਮਿਤੀ, ਚੰਡੀਗੜ੍ਹ 20-6-2018

ਇਸ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1) ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ(ਮਾਲ), ਸੈਕਟਰ-22 ਡੀ, ਚੰਡੀਗੜ੍ਹ।
2) ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ, ਚੰਡੀਗੜ੍ਹ।
3) ਰਾਜ ਦੇ ਸਮੂਹ ਡਿਪਟੀ ਕੰਟਰੋਲਰ(ਵਿੱਤ ਤੇ ਲੇਖਾ), ਅੰਦਰੂਨੀ ਪੜਤਾਲ ਸੰਸਥਾ, ਪੰਜਾਬ।
4) ਸਕੱਤਰ/ ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ।
5) ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰਾਂ/ਖਜਾਨਾ ਅਫਸਰ

ਉਪ ਸਕੱਤਰ, ਪ੍ਰਸੋਨਲ

ਪਿ.ਐ.ਨੰ.:1/4/2018-1ਪੀ.ਪੀ.1/72 ਮਿਤੀ, ਚੰਡੀਗੜ੍ਹ 20-6-2018

ਇਸ ਦਾ ਉਤਾਰਾ ਡਾਇਰੈਕਟਰ, ਗਵਰਨੈਸ ਰਿਫਾਰਮਜ਼ ਪੰਜਾਬ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਸਪੱਸ਼ਟੀਕਰਨ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਉਪ ਸਕੱਤਰ, ਪ੍ਰਸੋਨਲ

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਸੇਵਾ ਵਿਖੇ,

1. ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ।

2. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.), ਪੰਜਾਬ।

3. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।

ਮੀਮੋ ਨੰ: 11/62/17-5ਸਿ6/ 1055625/1

ਮਿਤੀ, ਚੰਡੀਗੜ੍ਹ : 4-9-2017

ਵਿਸ਼ਾ:- ਪਰਖ ਸਮਾਂ/ਕੰਨਫਰਮੇਸ਼ਨ ਕੇਸਾਂ ਦੇ ਨਿਪਟਾਰੇ ਲਈ ਪਾਵਰਾਂ ਡੈਲੀਗੇਟ ਕਰਨ ਸਬੰਧੀ- ਸਪੱਸ਼ਟੀਕਰਨ

*****

1. ਉਪਰੋਕਤ ਵਿਸ਼ੇ ਸਬੰਧੀ ਪੱਤਰ ਨੰ 11/62/2017-5ਸਿ6/113-116 ਮਿਤੀ 20-07-2017 ਅਤੇ ਪੱਤਰ ਨੰ: 11/62/17-5ਸਿ6/10008/1-4 ਮਿਤੀ 25-07-2017 ਰਾਹੀਂ ਪ੍ਰੋਬੇਸ਼ਨ ਅਤੇ ਕੰਨਫਰਮੇਸ਼ਨ ਸਬੰਧੀ ਲੰਬਿਤ ਕੇਸਾਂ ਦੇ ਨਿਪਟਾਰੇ ਲਈ Appointing Authority ਦੀਆਂ ਪਾਵਰਾਂ (Powers) ਸਕੂਲਾਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ, ਜਿਲ੍ਹਾ ਸਿੱਖਿਆ ਅਧਿਕਾਰੀ/ਬਲਾਕ ਸਿੱਖਿਆ ਅਧਿਕਾਰੀ, ਜਿਨ੍ਹਾਂ ਦੇ ਦਫਤਰ ਵਿੱਚ ਕਰਮਚਾਰੀਆਂ ਦੀਆਂ ਸੇਵਾ ਪੱਤਰੀਆਂ/ਸੇਵਾ ਰਿਕਾਰਡ ਉਪਲਬਧ ਹੈ, ਨੂੰ ਡੈਲੀਗੇਟ ਕੀਤੀਆਂ ਗਈਆਂ ਸਨ। ਇਹਨਾਂ ਪੱਤਰ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਕਿਸੇ ਵੀ ਕਰਮਚਾਰੀ ਦਾ ਪਰਖ ਕਾਲ ਸਮਾਂ ਕਲੀਅਰ ਕਰਨ ਅਤੇ ਕੰਨਫਰਮੇਸ਼ਨ ਸਬੰਧੀ ਇੱਕ ਹੀ ਹੁਕਮ ਜਾਰੀ ਕੀਤੇ ਜਾਣ। ਪਰ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਦੋਨੋ ਕੇਸਾਂ ਨੂੰ ਵੱਖੋ-ਵੱਖਰੇ ਡੀਲ ਕੀਤਾ ਜਾ ਰਿਹਾ ਹੈ ਅਤੇ ਦੋਨੋ ਕੇਸਾਂ ਵਿੱਚ ਵੱਖੋ-ਵੱਖਰੇ ਹੁਕਮ ਜਾਰੀ ਕੀਤੇ ਜਾ ਰਹੇ ਹਨ। ਇਹ ਵੀ ਧਿਆਨ ਵਿੱਚ ਆਇਆ ਹੈ ਕਿ ਕਰਮਚਾਰੀਆਂ ਵਿਰੁੱਧ ਜੇਕਰ ਕੋਈ ਕੇਸ ਚੱਲ ਰਿਹਾ ਹੋਵੇ ਜਿਸਦਾ ਸਬੰਧ ਉਸਦੀ ਸੇਵਾ ਨਾਲ ਨਹੀਂ, ਉਹਨਾਂ ਕੇਸਾਂ ਵਿੱਚ ਵੀ ਕਰਮਚਾਰੀ ਦੀ ਕੰਨਫਰਮੇਸ਼ਨ ਰੋਕੀ ਜਾ ਰਹੀ ਹੈ, ਜੋ ਕਿ ਇਸ ਦਫਤਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਨਹੀਂ ਹੈ, ਇਸ ਲਈ ਮੁੜ ਹੇਠ ਦਰਸਾਏ ਅਨੁਸਾਰ ਸਪੱਸ਼ਟ ਕੀਤਾ ਜਾਂਦਾ ਹੈ ਕਿ :-

2. ਪੰਜਾਬ ਸਰਕਾਰ ਵੱਲੋਂ ਆਪਣੇ ਪੱਤਰ ਨੰ: 11/4/88-PP1/4960 ਮਿਤੀ 08 ਅਪ੍ਰੈਲ 1991 ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਪ੍ਰੋਬੇਸ਼ਨ ਸਮੇਂ ਦੋਰਾਨ ਜੇਕਰ ਕਰਮਚਾਰੀ ਦਾ ਚਾਲ-ਚੱਲਣ ਅਤੇ ਕੰਮ ਤਸੱਲੀਬਖਸ਼ ਹੈ ਤਾਂ ਉਸਦਾ ਪਰਖ ਸਮਾਂ ਕਲੀਅਰ ਹੋਣ ਤੋਂ ਤੁਰੰਤ ਬਾਅਦ ਕੰਨਫਰਮੇਸ਼ਨ ਸਬੰਧੀ ਹੁਕਮ ਜਾਰੀ ਕੀਤੇ ਜਾਣ। ਇਨ੍ਹਾਂ ਹਦਾਇਤਾਂ ਵਿੱਚ ਇਹ ਵੀ ਸਪੱਸ਼ਟ ਗਿਆ ਹੈ ਕਿ ਦੋਨਾਂ ਕੇਸਾਂ ਲਈ ਇੱਕੋ ਹੀ ਮਾਪਦੰਡ ਹਨ, ਇਸ ਲਈ ਦੋਨੋ ਕੇਸ ਇੱਕ ਦੂਸਰੇ ਵਿੱਚ merge ਹੋ ਜਾਂਦੇ ਹਨ। ਇਸ ਪੱਤਰ ਵਿੱਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਕਨਫਰਮੇਸ਼ਨ ਦਾ ਕਿਸੇ vacancy ਨਾਲ ਕੋਈ ਸਬੰਧ ਨਹੀਂ ਹੈ ਅਤੇ ਜੇਕਰ ਕਰਮਚਾਰੀ ਦਾ ਪ੍ਰੋਬੇਸ਼ਨ ਸਮਾਂ ਤਸੱਲੀਬਖਸ਼ ਕਲੀਅਰ ਕੀਤਾ ਜਾ ਚੁੱਕਾ ਹੈ ਤਾਂ ਉਸਨੂੰ ਤੁਰੰਤ ਕੰਨਫਰਮ ਕਰਨਾ ਬਣਦਾ ਹੈ। ਇਸ ਲਈ ਇਸ ਦਫਤਰ ਵੱਲੋਂ ਪਹਿਲਾਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪ੍ਰੋਬੇਸ਼ਨ ਸਮਾਂ ਕਲੀਅਰ ਕਰਨ ਦੇ ਹੁਕਮਾਂ ਵਿੱਚ ਹੀ ਕੰਨਫਰਮੇਸ਼ਨ ਦੇ ਹੁਕਮ ਕੀਤੇ ਜਾਣ ਅਤੇ ਉਸ ਲਈ ਕੋਈ ਵੀ ਵੱਖਰੇ ਹੁਕਮ ਜਾਂ ਮਾਪਦੰਡ ਅਪਨਾਉਣ ਦੀ ਜ਼ਰੂਰਤ ਨਹੀਂ ਹੈ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਕਨਫਰਮ ਸਿਰਫ ਉਹਨਾਂ ਮੁਲਾਜ਼ਮਾਂ ਨੂੰ ਹੀ

ਕੀਤਾ ਜਾਣਾ ਹੈ ਜਿਹਨਾਂ ਦੀ ਭਰਤੀ ਰੈਗੂਲਰ ਤੌਰ ਤੇ ਕੀਤੀ ਗਈ ਹੋਵੇ। ਸਬੰਧਤ ਸਕੂਲ ਮੁੱਖੀ/ਡੀ.ਡੀ.ਓ. ਇਹ ਯਕੀਨੀ ਬਣਾਉਣ ਕਿ ਕਿਸੇ ਗਲਤੀ ਦੀ ਵਜ੍ਹਾ ਨਾਲ ਠੇਕੇ ਤੇ ਰੱਖੇ ਕਿਸੇ ਮੁਲਾਜ਼ਮ ਨੂੰ ਕਨਫਰਮ ਨਾ ਕੀਤਾ ਜਾਵੇ ਕਿਉਂਕਿ ਠੇਕੇ ਤੇ ਰੱਖੇ ਮੁਲਾਜ਼ਮ ਨਿਯਮਾਂ ਅਨੁਸਾਰ ਕਨਫਰਮ ਨਹੀਂ ਹੋ ਸਕਦੇ।

3. ਇਹਨਾਂ ਕੇਸਾਂ ਦੇ ਨਿਪਟਾਰੇ ਲਈ ਕੋਰਟ ਕੇਸਾਂ ਸਬੰਧੀ ਸਪਸ਼ਟ ਕੀਤਾ ਜਾਂਦਾ ਹੈ ਕਿ ਕੋਰਟ ਕੇਸ ਸਿਰਫ ਕਰਮਚਾਰੀ ਦੇ ਸੇਵਾ ਮਾਮਲੇ ਨਾਲ ਸਬੰਧਿਤ ਹੀ ਵਿਚਾਰੇ ਜਾਣੇ ਹਨ, ਕਰਮਚਾਰੀ ਦੇ ਨਿੱਜੀ ਜੀਵਨ ਵਿੱਚ ਚੱਲ ਰਹੇ ਕੇਸਾਂ (ਸਿਵਾਏ ਕ੍ਰਿਮੀਨਲ ਕੇਸ) ਨੂੰ ਇਹਨਾਂ ਕੇਸਾਂ ਨਾਲ ਲਿੰਕ ਨਾ ਕੀਤਾ ਜਾਵੇ।

4. ਪ੍ਰੋਬੇਸ਼ਨ ਸਮੇਂ ਨੂੰ ਕਲੀਅਰ ਕਰਨ ਅਤੇ ਕਨਫਰਮੇਸ਼ਨ ਦੇ ਕੇਸਾਂ ਬਾਰੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਕੂਲ ਮੁੱਖੀ/ਡੀ.ਡੀ.ਓ. ਕਿਸੇ ਵੀ ਅਧਿਆਪਕ ਜਾਂ ਮੁਲਾਜ਼ਮ ਤੋਂ ਇਸ ਸਬੰਧ ਵਿੱਚ ਕੋਈ ਅਰਜ਼ੀ ਪ੍ਰਾਪਤ ਨਾ ਕਰੇ ਅਤੇ ਨਾ ਹੀ ਬੇਲੋੜੇ ਡਾਕੂਮੈਂਟ ਇਕੱਠੇ ਕਰਨ ਦੀ ਕੋਸ਼ਿਸ਼ ਕਰੇ। ਪ੍ਰੋਬੇਸ਼ਨ ਦਾ ਸਮਾਂ ਸਿਰਫ ਰੈਗੂਲਰ ਤੌਰ ਤੇ ਭਰਤੀ ਹੋਏ ਮੁਲਾਜ਼ਮਾਂ ਦਾ ਦਫਤਰੀ ਰਿਕਾਰਡ ਦੇ ਆਧਾਰ ਤੇ ਪੂਰਾ ਕੀਤਾ ਜਾਣਾ ਹੁੰਦਾ ਹੈ। ਕਿਸੇ ਵੀ ਮੁਲਾਜ਼ਮ ਦਾ ਲੋੜੀਂਦਾ ਸੇਵਾ ਰਿਕਾਰਡ ਜਿਵੇਂ ਕਿ ਏ.ਸੀ.ਆਰਜ਼ ਸਕੂਲ ਮੁੱਖੀ/ਡੀ.ਡੀ.ਓ. ਕੋਲ ਪਹਿਲਾਂ ਤੋਂ ਹੀ ਮੌਜੂਦ ਹੋਣਾ ਚਾਹੀਦਾ ਹੈ। ਇਸ ਬਾਰੇ ਸਬੰਧਤ ਮੁਲਾਜ਼ਮ ਤੋਂ ਏ.ਸੀ.ਆਰਜ਼ ਦੀ ਮੰਗ ਕਰਨੀ ਬਿਲਕੁਲ ਗਲਤ ਹੈ ਅਤੇ ਇਸ ਤੋਂ ਗੁਰੇਜ਼ ਕੀਤਾ ਜਾਵੇ। ਜਿਸ ਕਿਸੇ ਮੁਲਾਜ਼ਮ ਦਾ ਪ੍ਰੋਬੇਸ਼ਨ ਸਮਾਂ ਕਲੀਅਰ ਹੋ ਜਾਂਦਾ ਹੈ ਤਾਂ ਉਸ ਦੇ ਕਨਫਰਮੇਸ਼ਨ ਦੇ ਕੇਸ ਨੂੰ ਦਫਤਰੀ ਰਿਕਾਰਡ ਦੇ ਆਧਾਰ ਤੇ ਵਿਚਾਰਿਆ ਜਾਣਾ ਬਣਦਾ ਹੈ ਅਤੇ ਇਸ ਸਬੰਧ ਵਿੱਚ ਵੀ ਕਿਸੇ ਤਰ੍ਹਾਂ ਦੇ ਡਾਕੂਮੈਂਟਸ ਮੁਲਾਜ਼ਮ ਤੋਂ ਮੰਗਣ ਦੀ ਲੋੜ ਨਹੀਂ ਹੈ। ਦਫਤਰੀ ਰਿਕਾਰਡ ਦੇ ਆਧਾਰ ਤੇ ਸਕੂਲ ਮੁੱਖੀ/ਡੀ.ਡੀ.ਓ ਦੁਆਰਾ ਸਬੰਧਤ ਮੁਲਾਜ਼ਮ ਦਾ ਉਸ ਤੋਂ ਅਰਜ਼ੀ ਮੰਗੇ ਬਿਨਾ ਕੇਸ ਮੁਕੰਮਲ ਕਰਕੇ ਲੋੜੀਂਦੇ ਹੁਕਮ ਜਾਰੀ ਕਰਦੇ ਹੋਏ ਮੁਲਾਜ਼ਮ ਦੀ ਸਰਵਿਸ ਬੁੱਕ ਵਿੱਚ ਐਂਟਰੀ ਕਰਨੀ ਯਕੀਨੀ ਬਣਾਈ ਜਾਵੇ।

5. ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਸਕੱਤਰ ਸਕੂਲ ਸਿੱਖਿਆ
ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ. 11/62/2017-5ਸਨ6/1055625/1 ਮਿਤੀ:- 4/9/2017

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਮੋਹਾਲੀ, ਪੰਜਾਬ।
2. ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ.), ਮੋਹਾਲੀ, ਪੰਜਾਬ।
3. ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ.), ਮੋਹਾਲੀ, ਪੰਜਾਬ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਮੋਹਾਲੀ, ਪੰਜਾਬ।

ਸਕੱਤਰ ਸਕੂਲ ਸਿੱਖਿਆ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਬਠਿੰਡਾ ਪੰਜਾਬ, ਚੰਡੀਗੜ੍ਹ

ਪਿੱਠ ਅੰਕਣ ਨੰ. AE1/4 ( ) 2018/6180 ਮਿਤੀ: 06-11-2018

5/11/18

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀ, ਜਿਲ੍ਹਾ ਬਠਿੰਡਾ ਨੂੰ ਉਕਤ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਬਠਿੰਡਾ

6/11/18